੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸੰਗੀਤ, ਸਾਧਨਾ ਤੇ ਮਰਯਾਦਾ ਦੀ ਮੂਰਤ

ਮਹਾਰਾਜ ਬੀਰ ਸਿੰਘ ਜੀ

(੧੯੨੩-੨੦੦੮)



ਨੈਰੋਬੀ (ਅਫਰੀਕਾ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਨਾਲ ਖੜ੍ਹੇ ਮਹਾਰਾਜ ਬੀਰ ਸਿੰਘ ਜੀ।

Namdhari Elibrary NamdhariElibrary@gmail.com

ਮਹਾਰਾਜ ਬੀਰ ਸਿੰਘ ਜੀ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮਾਤਾ ਭੁਪਿੰਦਰ ਕੌਰ ਜੀ ਦੇ ਛੋਟੇ ਸਾਹਿਬਜ਼ਾਦੇ, ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਭਰਾਤਾ ਮਹਾਰਾਜ ਬੀਰ ਸਿੰਘ ਜੀ ਦੇ ਜੇ ਦੋ ਗੁਣਾਂ ਨੂੰ ਉਜਾਗਰ ਕਰਨਾ ਹੋਵੇ ਤਾਂ ਇਹ ਕਹਿਣਾ ਅਤਿ ਕਥਨੀ ਨਹੀ ਹੋਵੇਗੀ ਕਿ ਉਹ ਇਕ ਸਾਧਕ ਸਨ, ਅਤੇ ਸੰਗੀਤ ਨੂੰ ਸਮਰਪਿਤ ਸਨ। ਸਾਧਨਾ ਇੱਕ ਪਾਸੇ ਉਹਨਾਂ ਸਤਿਗੁਰੂ ਦੇ ਨਾਮ ਦੀ ਕੀਤੀ, ਗੁਰਮਤਿ ਰਹਿਤ ਮਰਯਾਦਾ ਅਨੁਸਾਰ ਜੀਵਨ ਬਿਤਾਉਂਦਿਆਂ ਉਹ ਭਜਨ ਬੰਦਗੀ ਅਤੇ ਗੁਰਬਾਣੀ ਦਾ ਪਾਠ ਕਰਦੇ ਰਹੇ। ਦੂਜੀ ਸਾਧਨਾ ਉਹਨਾਂ ਦੀ ਸੰਗੀਤ ਵੱਲ ਸੀ। ਉਹਨਾਂ ਨੇ ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਭਾਈ ਊਧੋ ਖਾਂ ਅਤੇ ਹੋਰ ਪ੍ਰਸਿੱਧ ਸੰਗੀਤਕਾਰਾਂ ਤੋਂ ਤੰਤੀ ਸਾਜਾਂ ਰਾਹੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਗਿਆਨ ਹਾਸਿਲ ਕੀਤਾ। ਉਹ ਮ੍ਰਿਦੰਗ ਅਤੇ ਤਬਲੇ ਨੂੰ ਵੀ ਆਪਣੀਆਂ ਉਂਗਲਾਂ ਨਾਲ ਨਚਾਉਣ ਵਿੱਚ ਸਿਧਹਸਤ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਤਾਂ ਕਈ ਵਾਰ ਰਜ਼ਾ ਅਨੁਸਾਰ ਉਹ ਤਬਲੇ ਤੇ ਸੰਗਤ ਕਰਿਆ ਹੀ ਕਰਦੇ ਸਨ। ਉਹ ਆਪਣੇ ਸਿਖਾਏ ਅਤੇ ਆਪਣੀ ਨਿਗਰਾਨੀ ਵਿੱਚ ਸੰਗੀਤ ਦੀ ਸਿਖਿਆ ਪ੍ਰਾਪਤ ਕਰਨ ਵਾਲੇ ਸੰਗੀਤਾਰਥੀਆਂ ਨਾਲ ਵੀ ਤਬਲੇ ਤੇ ਸੰਗਤ ਕਰਕੇ ਉਹਨਾਂ ਦਾ ਮਾਣ ਵਧਾਉਂਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਕੀਤੇ ਗਏ। ਵੱਡੇ ਸੰਗੀਤ ਸੰਮੇਲਨਾਂ ਵਿੱਚ ਮਹਾਰਾਜ ਬੀਰ ਸਿੰਘ ਜੀ ਹੁਕਮ ਅਨੁਸਾਰ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਅਤੇ ਨਾਲ ਹੀ ਆਪਣੀ ਸ਼ਾਸਤਰੀ ਸੰਗੀਤ ਪ੍ਰਬੀਨਤਾ ਦਾ ਪ੍ਰਦਰਸ਼ਨ ਕਰਦਿਆਂ ਵਿਸ਼ਵ ਪ੍ਰਸਿੱਧ ਸੰਗੀਤਕਾਰਾਂ ਅਤੇ ਸੰਗੀਤ ਦੇ ਕਦਰਦਾਨਾਂ ਤੋਂ ਦਾਦ ਪ੍ਰਾਪਤ ਕਰਦੇ ਰਹੇ। ਮਹਾਰਾਜ ਜੀ ਨੂੰ ਕੇਵਲ ਸੰਗੀਤ ਦਾ ਸ਼ੌਕ ਨਹੀ ਸੀ ਸਗੋਂ ਉਹਨਾਂ ਨੂੰ ਸੰਗੀਤ ਦੀ ਸਿੱਖਿਆ ਦੇਣ ਦਾ ਵੀ



ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੈਠੇ ਦੋਨੋਂ ਸਾਹਿਬਜ਼ਾਦੇ ਬਾਲ ਅਵਸਥਾ ਵਿੱਚ।

Namdhari Elibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ
ਅਫਰੀਕਾ ਦੌਰੇ ਸਮੇਂ ਮਹਾਰਾਜ ਜੀ।

ਚਾਅ ਸੀ। ਬਹੁਤ ਸਾਰੇ ਨਾਮਧਾਰੀ ਨੌਜਵਾਨਾਂ ਨੇ ਉਹਨਾਂ ਤੋਂ ਹੀ ਸੰਗੀਤ ਦੀ ਮੁਢਲੀ ਸਿੱਖਿਆ ਪ੍ਰਾਪਤ ਕੀਤੀ। ਆਪਣੇ ਸਿਖਿਆਰਥੀਆਂ ਦੀ ਪ੍ਰੀਖਿਆ ਲੈਣ ਵੇਲੇ ਮਹਾਰਾਜ ਜੀ ਬੜੇ ਬੇਲਾਗ, ਬੇਬਾਕ ਅਤੇ ਨਿਰਪੱਖ ਰਹਿੰਦੇ ਸਨ। ਇੱਕ ਵਾਰ ਉਹਨਾਂ ਨੂੰ ਲੱਗਾ ਕਿ ਕੋਈ ਹੋਰ ਉਸਤਾਦ ਲਿਹਾਜ ਕਰ ਰਿਹਾ ਹੈ ਤਾਂ ਉਹਨਾਂ ਆਪ ਪ੍ਰੀਖਿਆ ਲਈ। ਜਿਹੜੇ ਵਿਦਿਆਰਥੀ ਚੰਗਾ ਸਥਾਨ ਲੈਣ ਦੇ ਹੱਕਦਾਰ ਸਨ, ਉਹਨਾਂ ਨੂੰ ਹੀ ਦਰਜ਼ਾ ਬਦਰਜਾ ਸਥਾਨ, ਇਨਾਮ ਅਤੇ ਸ਼ਾਬਾਸ਼ ਦਿੱਤੀ।

ਕਈ ਨਾਮਧਾਰੀ ਸਿੱਖਾਂ ਨੂੰ ਉਹਨਾਂ ਤੋਂ ਹੱਲੇ ਦੇ ਦਿਵਾਨ ਲਾਉਣ, ਆਸਾ ਦੀ ਵਾਰ ਦਾ ਕੀਰਤਨ ਕਰਨ ਅਤੇ ਗੁਰਬਾਣੀ ਦਾ ਸ਼ੁੱਧ ਉਚਾਰਨ ਸਿੱਖਣ ਦਾ ਮਾਣ ਵੀ ਹਾਸਿਲ ਹੋਇਆ। ਨਾਮਧਾਰੀ ਰਹਿਤ ਮਰਯਾਦਾ ਵਿੱਚ ਏਨੇ ਦ੍ਰਿੜ ਸਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਸਨ ਕਿ ਉਂਜ ਤਾਂ ਸਾਡੇ ਦੋਹਾਂ ਭਰਾਵਾਂ ਨਾਲ ਤਿੰਨ-ਤਿੰਨ, ਚਾਰ-ਚਾਰ ਸੇਵਕ ਰਹਿੰਦੇ ਹਨ ਪਰ ਜੇ ਕਿਤੇ ਇਕੱਲਿਆਂ ਵੀ ਜਾਣਾ ਪੈ ਜਾਏ ਤਾਂ ਮਹਾਰਾਜ ਜੀ ਕਦੇ ਵੀ ਮਰਯਾਦਾ ਵਿੱਚ ਢਿੱਲ ਨਹੀ ਸਨ ਆਉਣ ਦਿੰਦੇ। ਹੈਲਸਿੰਕੀ (ਫਿਨਲੈਂਡ) ਵਿੱਚ ਜਦ ਆਪ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਅਮਨ ਕਾਨਫ੍ਰੰਸ ਵਿੱਚ ਹਿੱਸਾ ਲੈਣ ਗਏ ਤਾਂ ਉਹਨਾਂ ਨੇ ਸੁੱਚ ਸੋਧ ਦੀ ਮਰਯਾਦਾ ਦੇ ਧਾਰਨੀ ਰਹਿਣ ਦਾ ਨੇਮ ਨਿਭਾਇਆ।

ਮਹਾਰਾਜ ਜੀ ਦਾ ਪ੍ਰਸ਼ਾਦੇ ਪਾਣੀ ਦਾ ਵੀ ਨੇਮ ਰਿਹਾ ਹੈ। ਸਤਿਗੁਰੂ ਜੀ ਨੇ ਇੱਕ ਵਾਰ ਬਚਨ ਕੀਤਾ ਕਿ ਮੈਨੂੰ ਤਾਂ ਭਾਵੇਂ ਪ੍ਰਸ਼ਾਦਾ ਛਕਣ ਵਿੱਚ ਅੱਗਾ ਪਿੱਛਾ ਹੋ ਜਾਏ, ਮਹਾਰਾਜ ਜੀ ਸਦਾ ਮਿੱਥੇ ਸਮੇਂ ਤੇ ਪ੍ਰਸ਼ਾਦਾ ਛਕਦੇ ਹਨ।

ਮਹਾਰਾਜ ਬੀਰ ਸਿੰਘ ਜੀ ਦਾ ਜਨਮ ੧੮ ਅਕਤੂਬਰ ੧੯੨੩ ਈ. (੨ ਕੱਤਕ ੧੯੮੦ ਬਿਕ੍ਰਮੀ) ਵੀਰਵਾਰ ਸ੍ਰੀ ਭੈਣੀ ਸਾਹਿਬ ਵਿਖੇ ਮਾਤਾ ਭੁਪਿੰਦਰ ਕੌਰ ਜੀ ਦੀ ਪਵਿੱਤਰ ਕੁੱਖ ਤੋਂ ਹੋਇਆ। ਮਾਤਾ ਫਤਿਹ ਕੌਰ ਨੇ ਜਦ ਇਸ ਬਾਲ ਨੂੰ ਨਿਹਾਰਿਆ ਤਾਂ ਬਚਨ ਕੀਤਾ ਕਿ ਇਹ ਤਾਂ ਬੀਰ ਸਿੰਘ ਚੂੰਨ੍ਹੀ ਹੈ। ਉਹਨਾਂ ਦੇ ਧਿਆਨ ਵਿੱਚ ਗੁਰੂ ਘਰ ਦੇ ਇੱਕ ਸੇਵਾਦਾਰ ਚੂੰਨ੍ਹੀ ਦੇ ਸੰਤ ਬੀਰ ਸਿੰਘ ਦਾ ਮੁਹਾਂਦਰਾ ਸੀ। ਉਹਨਾਂ ਕਰਕੇ ਹੀ ਇਹਨਾਂ ਦਾ ਨਾਮ ਬੀਰ ਸਿੰਘ ਹੋਇਆ।

ਮਹਾਰਾਜ ਬੀਰ ਸਿੰਘ-ਬੇਬੇ ਦਲੀਪ ਕੌਰ
ਦਾ ਅਨੰਦ ਕਾਰਜ।

Namdhari Elibrary NamdhariElibrary@gmail.com

ਇਹਨਾਂ ਦੇ ਜਨਮ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਿੰਨ ਕੁ ਵਰ੍ਹਿਆਂ ਦੇ ਸਨ। ਪਰ ਭਾਣਾ ਕਰਤਾਰ ਦਾ ਕਿ ਆਪ ਨੂੰ ਮਾਤਾ ਦੀ ਗੋਦ ਦਾ ਸੁੱਖ ਸਾਲ ਕੁ ਹੀ ਪ੍ਰਾਪਤ ਹੋ ਸਕਿਆ। ੧੯੨੪ ਈ. ਵਿੱਚ ਮਾਤਾ ਭੁਪਿੰਦਰ ਕੌਰ ਜੀ ਸਦਾ ਵਾਸਤੇ ਇਸ ਅਸਾਰ ਸੰਸਾਰ ਨੂੰ ਛੱਡ ਗਏ। ਆਪ ਜੀ ਦੀ ਪਾਲਣਾ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ, ਦਾਦੀ ਮਾਤਾ ਜੀਵਨ ਕੌਰ ਦੀ ਦੇਖ ਰੇਖ ਹੇਠ ਸਿੱਖਾਂ ਸੇਵਕਾਂ ਨੇ ਕੀਤੀ। ਸ੍ਰੀ ਭੈਣੀ ਸਾਹਿਬ ਦੇ ਬੋਹੜਾਂ, ਪਿਪਲਾਂ ਦੀ ਛਾਵੇਂ ਇਸ ਇਤਿਹਾਸਕ ਅਤੇ ਕ੍ਰਾਂਤੀਕਾਰੀ ਨਗਰੀ ਵਿੱਚ ਹੀ ਆਪ ਨੇ ਸਿੱਖਿਆ ਗ੍ਰਹਿਣ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਆਪ ਨੂੰ ਅੰਗਰੇਜੀ ਦੀ ਲੋੜੀਂਦੀ ਸਿੱਖਿਆ ਸ੍ਰੀ ਭੋਲਾ ਨਾਥ ਮਹਿਤਾ ਨੇ ਦਿੱਤੀ। ਪੰਡਤ ਰਜਿੰਦਰ ਸਿੰਘ, ਪ੍ਰੀਤਮ ਸਿੰਘ ਕਵੀ ਆਦਿ ਇਹਨਾਂ ਦੇ ਵਿਦਿਆਲੇ ਦੇ ਸਹਿਪਾਠੀ ਅਤੇ ਸਾਥੀ ਰਹੇ ਹਨ। ਉਹਨਾਂ ਨਾਲ ਹੀ ਹੱਸਦਿਆਂ, ਖੇਡਦਿਆਂ, ਕੁਸਤੀਆਂ ਕਰਦਿਆਂ, ਜਲ ਕ੍ਰੀੜਾ ਕਰਦਿਆਂ ਅਤੇ ਸ੍ਰੀ ਸਤਿਗੁਰੂ ਜੀ ਦੀ ਦੱਸੀ ਮਰਯਾਦਾ ਅਨੁਸਾਰ ਸਿੱਖਿਆ ਪ੍ਰਾਪਤ ਕਰਦਿਆਂ ਇਹ ਪ੍ਰਵਾਨ ਚੜ੍ਹਦੇ ਗਏ।

੧੯੪੭ ਵਿੱਚ ਦੇਸ ਦੀ ਵੰਡ ਹੋਣ ਬਾਅਦ ਆਪ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵੱਡੇ ਭਰਾਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸ੍ਰੀ ਜੀਵਨ ਨਗਰ ਨੂੰ ਆਪਣਾ ਨਿਵਾਸ ਸਥਾਨ ਬਣਾਇਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦੋਵੇਂ ਭਾਈ ਇੱਸ ਇਲਾਕੇ ਵਿੱਚ ਪਾਕਿਸਤਾਨ ਤੋਂ ਉੱਜੜਕੇ ਆਏ ਪਰਵਾਰਾਂ ਦੇ ਦੁਖ-ਸੁਖ ਦੇ ਭਾਈਵਾਲ ਬਣੇ। ਉਹਨਾਂ ਦੀਆਂ ਲੋੜਾਂ ਥੋੜਾਂ ਦੀਆਂ ਅਰਜ਼ਾਂ ਸਤਿਗੁਰੂ ਸੱਚੇ

ਅਫਰੀਕਾ ਦੀ ਸੰਗਤ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਮਹਾਰਾਜ ਜੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਨੈਰੋਬੀ (ਅਫਰੀਕਾ) ਦੇ ਇੱਕ ਦਿਵਾਨ ਵਿੱਚ ਮਹਾਰਾਜ ਜੀ।

Namdhari Elibrary NamdhariElibrary@gmail.com



ਇਨਾਮ ਜੇਤੂ ਘੋੜੀ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਦੋਵੇਂ ਸਾਹਿਬਜ਼ਾਦੇ।

ਪਾਤਸ਼ਾਹ ਨੂੰ ਕਰਕੇ ਉਹਨਾਂ ਦੀ ਸਹਾਇਤਾ ਕਰਦੇ ਰਹੇ। ਕਈਆਂ ਦੇ ਘਰ ਘਾਟ, ਜ਼ਮੀਨ ਜਾਇਦਾਦ ਆਦਿ ਓਧਰ ਰਹਿ ਗਏ ਸਨ ਪਰ ਕੁਝ ਐਸੇ ਪਰਵਾਰ ਵੀ ਸਨ ਜਿਹਨਾਂ ਦੇ ਜੀਅ ਵੀ ਸਾਰੇ ਭਾਰਤ ਨਹੀ ਸਨ ਪਹੁੰਚ ਸਕੇ। ਉਹਨਾਂ ਨੂੰ ਆਪਣੇ ਜੀਆਂ ਦੇ ਮਾਰੇ ਜਾਣ ਜਾਂ ਨਾ ਲੱਭਣ ਦਾ ਦੁੱਖ ਸੀ। ਇਹ ਉਹਨਾਂ ਨੂੰ ਧੀਰਜ ਦਿੰਦੇ, ਧਰਵਾਸ ਦੇਂਦੇ ਅਤੇ ਇਸ

ਸਤਿਗੁਰੂ ਜਗਜੀਤ ਸਿੰਘ ਜੀ ਨਾਲ ਦਿਵਾਨ ਵਿੱਚ ਬੈਠੇ ਮਹਾਰਾਜ ਬੀਰ ਸਿੰਘ ਜੀ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਮਹਾਰਾਜ ਜੀ ਨਾਲ ਬਚਨ ਕਰਦੇ ਹੋਏ।

ਬੇਬਸੀ ਵਿੱਚ ਅਕਾਲ ਪੁਰਖ ਦਾ ਆਸਾਰਾ ਲੈਣ ਲਈ ਉਹਨਾਂ ਨੂੰ ਪ੍ਰੇਰਨਾ ਦਿੰਦੇ।

ਮਹਾਰਾਜ ਜੀ ਨੇ ਨਾਮਧਾਰੀ ਪਰਵਾਰਾਂ ਦੀਆਂ ਉਧਰ ਰਹੀਆਂ ਜ਼ਮੀਨਾਂ, ਜਾਇਦਾਦਾਂ ਦੇ ਕਲੇਮ ਸੈਟਲ ਕਰਨ ਅਤੇ ਇਸ ਇਲਾਕੇ ਵਿੱਚ ਹੀ ਉਹਨਾਂ ਦੀ ਅਲਾਟਮੇਂਟ ਕਰਵਾਉਣ ਵਿੱਚ ਸਰਕਾਰੀ ਤੌਰ ਤੇ ਬਹੁਤ ਮਦਦ ਕੀਤੀ।

ਮਹਾਰਾਜ ਬੀਰ ਸਿੰਘ ਦਾ ਅਨੰਦ ਕਾਰਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਅਕਤੂਬਰ ੧੯੫੧ ਈ. (੧੦ ਕੱਤਕ ੨੦੦੮ ਬਿਕ੍ਰਮੀ) ਸ਼ੁੱਕਰਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਜੀਵਨ ਨਗਰ ਜ਼ਿਲ੍ਹਾ ਹਿਸਾਰ ਬੇਬੇ ਦਲੀਪ ਕੌਰ ਨਾਲ ਹੋਇਆ। ਇਸ ਦਿਨ ੧੧ ਜੋੜਿਆਂ ਦੇ ਇਕੱਠੇ ਅਨੰਦ ਕਾਰਜ ਹੋਏ ਸਨ। ਸੰਤ ਗਿਆਨਾ ਸਿੰਘ ਨੇ ਸਭ ਨੂੰ ਭਜਨ ਦਿੱਤਾ ਸੀ। ਬੇਬੇ ਦਲੀਪ ਕੌਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਮਾਤਾ ਚੰਦ ਕੌਰ ਦੇ ਭੂਆ ਦੀ ਧੀ ਭੈਣ ਹਨ। ਭਾਵੇਂ ਮਹਾਰਾਜ ਜੀ ਦੇ ਅਨੰਦ ਸਮੇਂ ਸੰਤ ਭਗਤ ਸਿੰਘ ਘੋੜਿਆਂ ਵਾਲਿਆਂ ਨੇ ਅਤੇ ਸੂਬਾ ਨਾਹਰ ਸਿੰਘ ਨੇ ਅਰਜ਼ ਕੀਤੀ ਸੀ ਕਿ ਇਹ ਅਨੰਦ ਬਾਕੀਆਂ ਤੋਂ ਵੱਖਰਾ ਹੋਣਾ ਚਾਹੀਦਾ ਹੈ ਪਰ ਗਰੀਬ ਨਿਵਾਜ ਜੀ ਨੇ ਉੱਤਰ ਦਿੱਤਾ ਕਿ ਸਾਧ ਸੰਗਤ ਹੀ ਤਾਂ ਸਾਡਾ ਪਤ ਪੜਦਾ ਹੈ। ਮਹਾਰਾਜ ਬੀਰ ਸਿੰਘ - ਬੇਬੇ ਦਲੀਪ ਕੌਰ ਜੀ ਦੇ ਦੋ ਫਰਜ਼ੰਦ ਹਨ। ਠਾਕਰ ਦਲੀਪ ਸਿੰਘ ਅਤੇ ਸ੍ਰੀ ਉਦੈ ਸਿੰਘ।

ਸਤਿਗੁਰੂ ਪ੍ਰਤਾਪ ਸਿੰਘ ਉਤੇ ਕਈ ਮਨਮਤੀਆਂ ਨੇ ਝੂਠੇ ਕੇਸ ਚਲਾ ਦਿੱਤੇ। ਸਤਿਗੁਰੂ ਪ੍ਰਤਾਪ ਸਿੰਘ ਜੀ ਝੂਠੀ ਕਚਹਿਰੀ ਵਿੱਚ ਨਾ ਜਾਣ ਦਾ ਪ੍ਰਣ ਕਰੀ ਬੈਠੇ ਸਨ। ਉਹਨਾਂ ਦਾ ਸਰੀਰ ਢਿੱਲਾ ਰਹਿਣ ਲੱਗਾ। ਇੱਕ ਵਾਰ ਸ੍ਰੀ ਭੈਣੀ ਸਾਹਿਬ ਮਹਾਰਾਜ ਜੀ ਆਪ ਜੀ ਦੀ ਸੇਵਾ ਵਿੱਚ ਮੰਜੇ ਤੇ ਬੈਠੇ ਸਨ।

ਦਿੱਲੀ ਵਿੱਚ ਹੋਏ ਸਤਿਗੁਰੂ ਪ੍ਰਤਾਪ ਸਿੰਘ ਯਾਦਗਾਰੀ ਸੰਗੀਤ ਸੰਮੇਲਨ ਵਿੱਚ ਭਾਰਤ ਦੇ
ਉਪ-ਰਾਸ਼ਟਰਪਤੀ ਸ੍ਰੀ ਗੋਪਾਲ ਸਰੂਪ ਪਾਠਕ ਉਦਘਾਟਨ ਕਰਦੇ ਹੋਏ।
ਸਟੇਜ ਤੇ ਸ੍ਰੀ ਸਤਿਗੁਰੂ ਜੀ ਨਾਲ ਬੈਠੇ ਮਹਾਰਾਜ ਜੀ ਅਤੇ ਹੋਰ ਪਤਵੰਤੇ ਸੱਜਣ।

ਸ੍ਰੀ ਸਤਿਗੁਰੂ ਜੀ ਨਾਲ ਮਹਾਰਾਜ ਜੀ,
ਵਿਚਕਾਰ ਖੜ੍ਹੇ ਹਨ ਠਾਕੁਰ ਦਲੀਪ ਸਿੰਘ।

ਇੱਕ ਸੰਗੀਤ ਦੀ ਬੈਠਕ ਵਿੱਚ ਮਹਾਰਾਜ ਜੀ।

ਜਦੋਂ ਓਥੇ ਹਾਜ਼ਰ ਹੋਏ, ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਆਪ ਨੇ ਚੌਕੀ ਉੱਤੇ ਬਹਿਣ ਦਾ ਹੁਕਮ ਕੀਤਾ ਤੇ ਬਚਨ ਕੀਤਾ, "ਵੱਡਾ ਹੌਸਲਾ ਰੱਖਣਾ, ਆਰੰਭ ਕੀਤੇ ਪਾਠ ਜ਼ਰੂਰ ਤੋੜ ਚੜ੍ਹਾਉਣੇ ਭਾਵੇਂ ਕੋਠਿਆਂ ਦੀਆਂ ਕੜੀਆਂ ਵਿਕ ਜਾਣ।" ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਖੀਰਲੇ ਦਿਨਾਂ ਵਿੱਚ ਮਹਾਰਾਜ ਬੀਰ ਸਿੰਘ ਜੀ ਨੇ ਉਹਨਾਂ ਦੇ ਕੋਲ ਰਹਿ ਕੇ ਬਹੁਤ ਸੇਵਾ ਕੀਤੀ। ਕੁਝ ਸਮੇਂ ਬਾਅਦ ਜਦ ੨੨ ਅਗਸਤ ੧੯੫੯ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ, ਉਹਨਾਂ ਦੇ ਅੰਤਮ ਸਸਕਾਰ ਦੀ ਅਰਦਾਸ ਤੋਂ ਬਾਅਦ ਮਹਾਰਾਜ ਬੀਰ ਸਿੰਘ ਨੇ ਆਪਣੇ ਗਲ ਵਿੱਚੋਂ ਰੁਮਾਲੀ

ਮਹਾਰਾਜ ਜੀ ਸੰਗੀਤ ਸੰਮੇਲਨ ਵਿੱਚ ਸ਼ਾਸਤਰੀ ਗਾਇਨ ਪੇਸ਼ ਕਰਦੇ ਹੋਏ।

Namdhari Elibrary NamdhariElibrary@gmail.com

ਲਾਹ ਕੇ ਆਸਣ ਵਾਂਗ ਵਿਛਾ ਕੇ ਆਪਣੇ ਵੱਡੇ ਭਰਾਤਾ ਨੂੰ ਅਰਜ ਕੀਤੀ ਆਪ ਗੁਰੂ ਨਾਨਕ ਦੀ ਰਾਜ ਯੋਗ ਗੱਦੀ ਨੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੁਭਾਇਮਾਨ ਕਰੋ ਅਤੇ ਤਖਤ ਬਹੈ ਤਖਤੈ ਕੀ ਲਾਇਕ ਨੂੰ ਮਹਾਰਾਜ ਜੀ ਨੇ ਸਭ ਤੋਂ ਪਹਿਲਾਂ ਗੁਰਗੱਦੀ ਤੇ ਸੁਭਾਇਮਾਨ ਹੋਣ ਤੇ ਖੁਦ ਮੱਥਾ ਟੇਕਿਆ। ਉਸ ਸਮੇਂ ਤੋਂ ਆਪ ਜੀ ਸਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੱਜੀ ਬਾਂਹ ਬਣ ਕੇ ਰਹੇ ਹਨ।

ਵਿਸ਼ਵ ਸ਼ਾਕਾਹਾਰੀ ਸੰਮੇਲਨ ਵਿੱਚ ਸ੍ਰੀ ਮਾਨਕਰ ਜੀ ਆਪਣੇ ਵਿਚਾਰ ਪੇਸ਼ ਕਰ ਰਹੇ ਹਨ, ਸਟੇਜ ਉਤੇ ਸਤਿਗੁਰੂ ਜੀ ਅਤੇ ਮਹਾਰਾਜ ਜੀ ਨਾਲ ਬੈਠੇ ਸ੍ਰੀਮਤੀ ਰੁਕਮਣੀ ਦੇਵੀ ਅਰੁਨ ਡੇਲ ਅਤੇ ਹੋਰ ਡੈਲੀਗੇਟ।

ਕਈ ਵਾਰ ਤਾਂ ਸੱਚੇ ਪਾਤਸਾਹ ਜੀ ਆਪਣੇ ਦੇਸਾਂ ਵਿਦੇਸਾਂ ਦੇ ਦੌਰਿਆਂ ਨੂੰ ਉਲੀਕਣ ਦੀ ਜ਼ਿੰਮੇਵਾਰੀ ਵੀ ਆਪ ਨੂੰ ਬਖਸ਼ਦੇ ਰਹੇ ਹਨ ਅਤੇ ਨਾਮਧਾਰੀ ਵਿਦਿਅਕ ਜਥਿਆਂ, ਨਾਮਧਾਰੀ ਦਰਬਾਰ ਦੀਆਂ ਬੈਠਕਾਂ, ਜ਼ਰੂਰੀ ਸਮਾਗਮਾਂ ਅਤੇ ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਅਮਨ, ਗਊ ਰੱਖਿਆ, ਸਾਕਾਹਾਰ ਸੰਬੰਧੀ ਕਾਨਫਰੰਸਾਂ ਵਿੱਚ ਆਪ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਾਮਧਾਰੀ ਪੰਥ ਦੀ ਪ੍ਰਤੀਨਿਧਤਾ ਕਰਦੇ ਰਹੇ ਹਨ ਜਾਂ ਸ੍ਰੀ ਸਤਿਗੁਰੂ ਜੀ ਦੇ ਸਹਿਯੋਗੀ ਵਜੋਂ ਜਾਂਦੇ ਰਹੇ ਹਨ।

ਮਹਾਰਾਜ ਬੀਰ ਸਿੰਘ ਜੀ ਘੋੜਿਆਂ, ਗਊਆਂ ਤੇ ਹੋਰ ਪਸ਼ੂਆਂ ਦੇ ਪਹਿਲੇ ਦਰਜੇ ਦੇ ਪਾਰਖੂ ਸਨ। ਇਹ ਗੁਣ ਉਹਨਾਂ ਨੂੰ ਪਿਤਾ ਪੁਰਖੀ ਮਿਲਿਆ ਸੀ। ਉਹਨਾਂ ਨੇ ਆਪ ਵੀ ਬਹੁਤ ਸਾਰੀਆਂ ਪਸ਼ੂ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ। ਉਹਨਾਂ ਨੂੰ ਫੋਟੋਗ੍ਰਾਫੀ ਦਾ ਵੀ ਬਹੁਤ ਸ਼ੌਕ ਸੀ। ਸਧਾਰਨ ਫੋਟੋਆਂ ਤੋਂ ਇਲਾਵਾ ਉਹ ਕੁਦਰਤੀ ਨਜ਼ਾਰਿਆਂ, ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਖਿਚਦੇ ਸਨ।

ਆਪਣੇ ਰੁਝੇਵੇਂ ਭਰੇ ਜੀਵਨ ਵਿੱਚ ਮਹਾਰਾਜ ਜੀ ਜਿਥੇ ਪਸ਼ੂਆਂ ਦੀ ਸੇਵਾ ਸੰਭਾਲ, ਪਸ਼ੂ ਪ੍ਰਦਰਸ਼ਨੀ ਵਾਸਤੇ ਵਿਸ਼ੇਸ਼ ਸਮਾਂ ਕੱਢਦੇ ਰਹੇ ਹਨ ਉਥੇ ਵਾਹੀ ਖੇਤੀ ਲਈ ਵੀ ਉਚੇਚੀ ਰੁਚੀ ਵਿਖਾਉਂਦੇ ਰਹੇ ਹਨ। ਇਕ ਹੋਰ ਉਹਨਾਂ ਦਾ ਉਜਾਗਰ

ਦਿੱਲੀ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਯਾਦਗਾਰੀ ਸੰਗੀਤ ਸੰਮੇਲਨ ਦਾ ਉਦਘਾਟਨ ਕਰਦੇ ਹੋਏ ਭਾਰਤ ਦੇ ਰਾਸ਼ਟਰਪਤੀ ਸ੍ਰੀ ਫਖਰੂ ਦੀਨ ਅਲੀ ਅਹਿਮਦ, ਸਤਿਗੁਰੂ ਜੀ, ਮਹਾਰਾਜ ਜੀ ਅਤੇ ਹੋਰ ਪਤਵੰਤੇ ਸੱਜਣ।

ਮਹਾਰਾਜ ਜੀ ਨਿਤਨੇਮ ਦਾ ਪਾਠ ਕਰਦੇ ਹੋਏ।

Namdhari Elibrary NamdhariElibrary@gmail.com

ਚੀਨ ਦੀ ਲੜਾਈ ਤੋਂ ਬਾਅਦ ੧੯੬੩ ਈ. ਵਿੱਚ ਨਾਮਧਾਰੀ ਗੁਰਦੁਆਰਾ ਪਹਾੜ ਰੀਜ ਨਵੀ ਦਿੱਲੀ ਵਿਖੇ ਸਾਧ ਸੰਗਤ ਦੀ ਵਿਸ਼ੇਸ਼ ਇਕੱਤਰਤਾ ਕਰਕੇ ਸ੍ਰੀ ਸਤਿਗੁਰੂ ਜੀ ਨੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਪੂਰਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ। ਇਸ ਵਿੱਚ ਮਹਾਰਾਜ ਬੀਰ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਸੀ।

ਸ੍ਰੀ ਮਹਾਰਾਜ ਬੀਰ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ੧੯੬੩ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਨਾਲ ਨਹਿਰੂ ਨੂੰ ਨੈਸ਼ਨਲ ਡਿਫੈਂਸ ਫੰਡ ਵਾਸਤੇ ੫੧੦੦੦ ਦਾ ਚੈੱਕ ਦਿੰਦੇ ਹੋਏ।

Namdhari Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ, ਮਹਾਰਾਜ ਬੀਰ ਸਿੰਘ ਨਾਲ ਭਾਰਤ ਦੇ ਗ੍ਰਹਿ ਮੰਤਰੀ ਗਿਆਨੀ ਜੈਲ ਸਿੰਘ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ-੧੯੮੦।

ਪੱਖ ਕਲਮ ਦੀ ਤਾਕਤ ਹੈ। ਉਹ ਨਾਮਧਾਰੀ ਇਤਿਹਾਸ ਬਾਰੇ ਖੋਜੀ ਬਿਰਤੀ ਦੇ ਮਾਲਕ ਸਨ। ਉਹਨਾਂ ਨੇ ਬਹੁਤ ਸਾਰੀਆਂ ਦੁਰਲਭ, ਪੁਰਾਣੀਆਂ ਲਿਖਤਾਂ, ਖਰੜੇ ਅਤੇ ਇਤਿਹਾਸਕ ਪੁਸਤਕਾਂ ਸੰਭਾਲੀਆਂ ਹੋਈਆਂ ਸਨ। ਉਹਨਾਂ ਦੀ ਇਸੇ ਸੰਭਾਲ ਕਰਕੇ ਹੀ ਖੋਜੀ ਵਿਦਵਾਨ ਵੀ ਉਹਨਾਂ ਦੀ ਵਡਮੁੱਲੀ ਲਾਇਬ੍ਰੇਰੀ ਦੀ ਤਾਰੀਫ ਕਰਦੇ ਸਨ। ਉਹ ਆਪ ਖੁਦ ਇਕ ਵਧੀਆ ਲੇਖਕ ਸਨ। ਉਹਨਾਂ ਦੀ ਪੁਸਤਕ 'ਗ੍ਰੰਥ ਗੁਰ ਵਿਚਾਰ' ਦੀ ਬੜੀ ਚਰਚਾ ਰਹੀ ਹੈ। ਸਤਿਜੁਗ ਵਿਚ ਛਪਦੇ ਉਹਨਾਂ ਦੇ ਵਡਮੁਲੇ ਲੇਖ ਸਦਾ ਪਾਠਕਾਂ ਨੂੰ ਨਵੀ ਅਤੇ ਕੀਮਤੀ ਸਮਗਰੀ ਦੇਂਦੇ ਰਹੇ ਹਨ।



ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਨੂੰ ਵਿਗਿਆਨ ਭਵਨ ਨਵੀ ਦਿੱਲੀ ਵਿਖੇ ਦਿੱਤੇ ਗਏ ਰਿਸੈਪਸ਼ਨ ਸਮੇਂ ਸਟੇਜ ਉਤੇ ਉਹਨਾਂ ਨਾਲ ਸਤਿਗੁਰੂ ਜੀ, ਮਹਾਰਾਜ ਬੀਰ ਸਿੰਘ ਜੀ, ਗਿਆਨੀ ਜੈਲ ਸਿੰਘ ਅਤੇ ਚੌਧਰੀ ਦਲਬੀਰ ਸਿੰਘ।

ਨਾਮਧਾਰੀ ਹੋਲਾ ਮਹੱਲਾ ਦਿੱਲੀ-੧੯੬੬ ਵਿੱਚ ਲੱਗੀ ਪ੍ਰਥਮ ਨਾਮਧਾਰੀ ਚਿੱਤਰ ਪ੍ਰਦਰਸ਼ਨੀ ਦਾ ਉਦਘਾਟਨ ਸ਼੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਨੇ ਕੀਤਾ। ਮਹਾਰਾਜ ਜੀ ਉਹਨਾਂ ਨੂੰ ਪ੍ਰਦਰਸ਼ਨੀ ਬਾਰੇ ਜਾਣਕਾਰੀ ਦੇ ਰਹੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਇਛਾ ਸੀ ਕਿ ਦਖਣੀ ਭਾਰਤ ਵਿੱਚ ਕੋਈ ਉਪਜਾਊ ਜ਼ਮੀਨ ਖਰੀਦੀ ਜਾਏ। ਆਪ ਜੀ ਨੇ ਇਸ ਕਾਰਜ ਲਈ ਮਹਾਰਾਜ ਜੀ ਨੂੰ ਉਥੇ ਭੇਜਿਆ। ਉਹਨਾਂ ਨੂੰ ਜਿਹੜੀ ਜ਼ਮੀਨ ਚੰਗੀ ਲਗੀ ਉਸ ਬਾਰੇ ਆਕੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਅਤੇ ਪ੍ਰਵਾਨਗੀ ਲੈਕੇ ਖਰੀਦਣ ਦੇ ਕਾਰਜ ਨੂੰ ਨੇਪਰੇ ਚਾੜ੍ਹਿਆ । ਇਸ ਸੰਬੰਧੀ ਸਰਕਾਰੀ ਕਾਗਜ਼ ਪੂਰੇ ਕਰਕੇ ਕਈ ਸਾਲ ਉਥੇ ਰਹਿ ਕੇ ਉਸ ਨੂੰ ਆਬਾਦ ਕੀਤਾ।

ਮਹਾਰਾਜ ਜੀ ਨਾਮਧਾਰੀ ਪੰਥ ਲਈ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਰਾਜਨੀਤਕ ਕੰਮਾਂ ਵਿੱਚ ਪੂਰੀ ਤਰ੍ਹਾਂ ਸਰਗਰਮ

ਗੋਲਾ ਗੋਕਰਨਨਾਥ ਦੇ ਹੋਲੇ ਮਹੱਲੇ ਵਿੱਚ ਸਤਿਗੁਰੂ ਜੀ ਨਾਲ ਸ਼੍ਰੀ ਰਾਜੀਵ ਗਾਂਧੀ, ਮਹਾਰਾਜ ਬੀਰ ਸਿੰਘ ਜੀ ਅਤੇ ਸ੍ਰੀ ਉਦੈ ਸਿੰਘ ਜੀ।

Namdhari Elibrary NamdhariElibrary@gmail.com

ਸਤਿਗੁਰੂ ਜੀ ਨਾਲ ਮਹਾਰਾਜ ਬੀਰ ਸਿੰਘ ਜੀ ਅਤੇ ਸ੍ਰੀ ਸੰਜੇ ਗਾਂਧੀ।

ਰਹੇ। ਪੰਡਿਤ ਜਵਾਹਰ ਲਾਲ ਨਹਿਰੂ, ਸ੍ਰੀਮਤੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਆਦਿ ਨਾਲ ਉਹਨਾਂ ਨੇ ਲਗਾਤਾਰ ਸੰਪਰਕ ਬਣਾਈ ਰੱਖਿਆ ਅਤੇ ਲੋੜ ਅਨੁਸਾਰ ਕਈ ਉਚੇਚੀਆਂ ਮੀਟਿੰਗਾਂ ਵੀ ਕੀਤੀਆਂ।

ਇਸ ਨੂੰ ਸਮੇ ਦੀ ਖੇਡ, ਅਕਾਲ ਪੁਰਖ ਦਾ ਭਾਣਾ ਜਾਂ ਵਿਧੀ ਦਾ ਵਿਧਾਨ ਹੀ ਆਖਿਆ ਜਾਏ ਕਿ ਪਿਛਲੇ ਕੁਝ ਸਾਲਾਂ ਤੋਂ ਮਹਾਰਾਜ ਜੀ ਵੇਖਣ ਨੂੰ ਬੜੇ ਸਿਹਤਮੰਦ ਅਤੇ ਤੰਦਰੁਸਤ ਲਗਦੇ ਸਨ ਪਰ ਆਪ ਸਟ੍ਰੋਕ ਤੋਂ ਬਾਅਦ ਪੂਰੇ ਸਵਸਥ ਨਹੀ ਸਨ। ਉਹਨਾਂ ਦੇ ਬੋਲ ਪੂਰੇ ਸਪਸ਼ਟ ਨਹੀਂ ਸਨ ਅਤੇ ਸਹੀ ਲਿਖਣਾ ਵੀ ਔਖਾ ਸੀ। ਉਹਨਾਂ ਦੇ ਕਿਤੇ ਜਾਣ ਆਉਣ ਸਮੇਂ ਵੀ ਸੇਵਕ ਨਾਲ ਰਹਿੰਦੇ ਸਨ ਅਤੇ ਉਹਨਾਂ ਨੂੰ ਬਹਿਣ ਖਲੋਣ ਵਿੱਚ ਲੋੜੀਦੀ ਸਹਾਇਤਾ ਕਰਦੇ ਸਨ। ਕਈ ਵਾਰ ਆਪਣੇ ਅਤਿ ਨਿਕਟ ਰਹੇ ਵਿਅਕਤੀਆਂ ਨੂੰ ਪਛਾਣ ਕੇ ਇਸ਼ਾਰੇ ਨਾਲ ਮਹਾਰਾਜ ਜੀ ਦੱਸਦੇ ਹੁੰਦੇ ਸਨ ਕਿ ਉਹਨਾਂ ਨੂੰ ਉਸ ਦੇ ਮਿਲਣ ਤੇ ਖੁਸ਼ੀ ਹੋਈ ਹੈ। ਆਪ ਬਹੁਤਾ ਸ੍ਰੀ ਜੀਵਨ ਨਗਰ ਰਹਿੰਦੇ ਸਨ। ਕਈ ਵਾਰੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਜਾਂ ਦਿੱਲੀ ਆ ਜਾਂਦੇ ਸਨ।

ਉਹਨਾਂ ਨੂੰ ਗੁਰਬਾਣੀ ਨਾਲ ਪ੍ਰੇਮ ਸੀ, ਪੰਜ ਬਾਣੀਆਂ ਦਾ ਪਾਠ ਕਰਨਾ ਉਹਨਾਂ ਦਾ ਨਿਤਨੇਮ ਸੀ। ਜਿਹੜਾ ਉਹਨਾਂ ਨੇ ਅਖੀਰ ਤਕ ਨਿਭਾਇਆ। ਬਿਮਾਰੀ ਦੌਰਾਨ ਵੀ ਉਹਨਾਂ ਨੇ ਸੁੱਚ ਸੋਧ ਅਤੇ ਮਰਯਾਦਾ ਦਾ ਆਦਰਸ਼ ਕਾਇਮ ਰੱਖਿਆ ਅਤੇ ਇਸ ਨੂੰ ਨਿਭਾਇਆ।

ਮਹਾਰਾਜ ਬੀਰ ਸਿੰਘ ਨੂੰ ਜਦੋਂ ਗੰਭੀਰ ਦਿਲ ਦਾ ਦੌਰਾ ਪਿਆ ਤਾਂ ਆਪ ਸ੍ਰੀ ਜੀਵਨ ਨਗਰ ਸਨ। ਉਹਨਾਂ ਨੂੰ ਲੋੜੀਦੀ ਡਾਕਟਰੀ ਮਦਦ ਲਈ ਤਤਕਾਲ ਸਰਸਾ, ਬਠਿੰਡੇ ਦੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ। ਅਪੋਲੋ ਹਸਪਤਾਲ ਦੇ ਡਾਇਰੈਕਟਰ ਤੇ ਡਾਕਟਰਾਂ ਨੇ ਉਚੇਚਾ ਡਾਕਟਰੀ ਉਪਕਰਨਾਂ ਨਾਲ ਲੈਸ ਐਬੂਲੈਂਸ ਲੈ ਕੇ ਮਹਾਰਾਜ ਜੀ ਨੂੰ ਲਿਆਉਣ ਦਾ ਪ੍ਰਬੰਧ ਕੀਤਾ। ਸਤਿਗੁਰੂ ਪ੍ਰਤਾਪ ਸਿੰਘ

ਸਤਿਗੁਰੂ ਜੀ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨਾਲ ਬਾਜਾਖਾਨਾ ਹੋਲੇ ਸਮੇਂ ਬਚਨ ਬਿਲਾਸ ਕਰਦੇ ਹੋਏ। ਨਾਲ ਬੈਠੇ ਹਨ ਮਹਾਰਾਜ ਬੀਰ ਸਿੰਘ।

Namdhari Elibrary NamdhariElibrary@gmail.com

ਸਤਿਗੁਰੂ ਜੀ ਅਤੇ ਮਹਾਰਾਜ ਜੀ ਪ੍ਰਸੰਨ ਮੁਦਰਾ ਵਿੱਚ।

ਅਪੋਲੋ ਹਸਪਤਾਲ ਲੁਧਿਆਣਾ ਪਹੁੰਚ ਕੇ ਡਾਕਟਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਸਵਾਸਾਂ ਦੀ ਪੂੰਜੀ ਨਾ ਵਧਾਈ ਜਾ ਸਕੀ ਅਤੇ ੧੧ ਅਕਤੂਬਰ ੨੦੦੮ (ਸ਼ਨੀਵਾਰ) ਅੰਮ੍ਰਿਤ ਵੇਲੇ ਪੰਜ ਵਜੇ ਪੰਜ ਭੂਤਕ ਸਰੀਰ ਵਿਚੋਂ ਹੰਸ ਉਡਾਰੀ ਮਾਰ ਗਿਆ। ਆਪ ਜੀ ਦੇ ਸਰੀਰ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ ਅਤੇ ਕੋਠੀ ਵਿੱਚ ਰੱਖਿਆ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ ਅਤੇ ਮਸਤਕ ਤੇ ਹੱਥ ਰੱਖਣ ਦੀ ਕਿਰਪਾ ਕੀਤੀ। ਆਪ ਜੀ ਨੇ ਬਿਹਬਲ ਬੇਬੇ ਦਲੀਪ ਕੌਰ ਜੀ ਦੇ ਸਿਰ ਨੂੰ ਆਪਣੇ ਹਸਤਕੰਵਲ ਦੀ ਛੋਹ ਦਿੱਤੀ ਅਤੇ ਪਰਵਾਰ ਨੂੰ ਸਤਿਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਣ ਦਾ ਸੰਕੇਤ ਦਿੱਤਾ। ਇਹ ਅਕਾਲ ਪੁਰਖ ਦੀ ਰਜ਼ਾ, ਸਤਿਗੁਰੂ ਦਾ ਭਾਣਾ ਅਤੇ ਵਿਧੀ ਦਾ ਵਿਧਾਨ ਹੀ ਹੈ ਕਿ ਜਿਸ ਨਗਰੀ ਸ੍ਰੀ ਭੈਣੀ ਸਾਹਿਬ ਵਿਖੇ ਮਹਾਰਾਜ ਜੀ ਨੇ ਇਸ ਮਾਤ ਲੋਕ ਵਿੱਚ ਅੱਖਾਂ ਖੋਲ੍ਹੀਆਂ ਸਨ ਉਸੇ ਨਗਰੀ ਵਿੱਚ ਹਜ਼ਾਰਾਂ ਹੀ ਸੰਗਤਾਂ ਦੇ ਸੇਜਲ ਨੇਤਰਾਂ ਨੇ ੧੨ ਅਕਤੂਬਰ ੨੦੦੮ ਨੂੰ ਆਪ ਜੀ ਦੇ ਪੰਜ ਭੂਤਕ ਸਰੀਰ ਦੇ ਅੰਤਿਮ ਸਸਕਾਰ ਦਾ ਸਮਾਂ ਵੇਖਿਆ।

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ।।
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ।।

ਨੈਰੋਬੀ ਕੀਨੀਆ ਵਿਖੇ ਉਥੋਂ ਦੇ ਇੱਕ ਮੰਤਰੀ ਰਾਹੀ ਸ੍ਰੀ ਸਤਿਗੁਰੂ ਜੀ ਅਤੇ ਮਹਾਰਾਜ ਜੀ ਦਾ ਨਿਘਾ ਸੁਆਗਤ।

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜੀ ਮਹਾਰਾਜ ਜੀ ਦੇ ਪੰਜ ਭੂਤਕ ਸਰੀਰ ਨੂੰ
ਆਪਣੇ ਹਸਤ ਕੰਵਲ ਦੀ ਛੋਹ ਪ੍ਰਦਾਨ ਕਰਦੇ ਹੋਏ
- ੧੧ ਅਕਤੂਬਰ ੨੦੦੮

ਸ੍ਰੀ ਸਤਿਗੁਰੂ ਜੀ ਬੇਬੇ ਦਲੀਪ ਕੌਰ ਜੀ ਦੇ ਸਿਰ ਤੇ ਹੱਥ ਰੱਖ ਕੇ
ਧਰਵਾਸ ਬਖਸ਼ਦੇ ਹੋਏ।

Namdhari Elibrary NamdhariElibrary@gmail.com

ਮਹਾਰਾਜ ਬੀਰ ਸਿੰਘ ਦੇ ਸਸਕਾਰ ਸਮੇਂ ਸ੍ਰੀ ਭੈਣੀ ਸਾਹਿਬ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜੀ ਸਾਧ ਸੰਗਤ ੧੨-ਅਕਤੂਬਰ ੨੦੦੮

ਵਿਸ਼ਵ ਨਾਮਧਾਰੀ ਸੰਗਤ (ਰਜਿਸਟਰਡ)
ਸ੍ਰੀ ਭੈਣੀ ਸਾਹਿਬ (ਪੰਜਾਬ)

NamdhariElibrary@gmail.com